# India-Japan Consultations on Disarmament, Non-Proliferation and Export Control

February 17, 2021

# ਹਥਿਆਰਬੰਦੀ, ਗੈਰ-ਪ੍ਰਸਾਰ ਅਤੇ ਨਿਰਯਾਤ ਕੰਟਰੋਲ ਬਾਰੇ ਭਾਰਤ-ਜਾਪਾਨ ਦਰਮਿਆਨ ਵਿਚਾਰ ਵਟਾਂਦਰੇ

17 ਫਰਵਰੀ, 2021

ਹਥਿਆਰਬੰਦੀ, ਗੈਰ-ਪ੍ਰਸਾਰ ਅਤੇ ਨਿਰਯਾਤ ਕੰਟਰੋਲ ਬਾਰੇ ਭਾਰਤ-ਜਾਪਾਨ ਦਰਮਿਆਨ 9ਵੇਂ ਗੇੜ ਦੇ ਵਿਚਾਰ ਵਟਾਂਦਰੇ 17 ਫਰਵਰੀ, 2021 ਨੂੰ ਵਰਚੁਅਲ ਰੂਪ ਵਿੱਚ ਹੋਏ। ਦੋਵਾਂ ਧਿਰਾਂ ਨੇ ਪਰਮਾਣੂ, ਰਸਾਇਣਕ, ਜੈਵਿਕ ਨਿਹੱਥਾਕਰਨ ਅਤੇ ਗੈਰ-ਪ੍ਰਸਾਰ, ਰਵਾਇਤੀ ਹਥਿਆਰਾਂ, ਬਾਹਰੀ ਪੁਲਾੜ ਸੁਰੱਖਿਆ ਅਤੇ ਨਿਰਯਾਤ ਕੰਟਰੋਲ ਬਾਰੇ ਵਿਚਾਰ ਵਟਾਂਦਰੇ ਕੀਤੇ। ਦੋਵਾਂ ਧਿਰਾਂ ਨੇ ਭਾਰਤ-ਜਾਪਾਨ ਦੀ ਵਿਸ਼ੇਸ਼ ਰਣਨੀਤਕ ਅਤੇ ਆਲਮੀ ਭਾਈਵਾਲੀ ਵਿੱਚ ਯੋਗਦਾਨ ਪਾਉਣ ਵਾਲੇ ਗੈਰ-ਪ੍ਰਸਾਰ ਅਤੇ ਨਿਹੱਥਾਕਰਨ ਦੇ ਮੁੱਦਿਆਂ 'ਤੇ ਆਪਸੀ ਸਮਝ ਵਧਾਉਣ ਲਈ ਗੱਲਬਾਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਨਵੀਂ ਦਿੱਲੀ
17 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.